# ਗੁਰ ਸਿਖਾ ਲਹਦਾ ਭਾਲਿ ਕੈ

## ਪਉੜੀ ॥
## ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥

ਇਹ, ਗਉੜੀ ਕੀ ਵਾਰ ਮਹਲਾ ੪ ਦੀ ੧੧ਵੀਂ ਪਉੜੀ ਹੈ। ਇਸ ਸ਼ਬਦ ਵਿਚ ਉਨ੍ਹਾਂ ਮਨੁਖਾਂ ਦੀ ਸਿਫ਼ਤ ਕੀਤੀ ਗਈ ਹੈ ਜੋ ਪ੍ਰਭੂ ਨੂੰ ਇਕ ਮਨ ਇਕ ਚਿਤ ਧਿਆਉਂਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ! ਬਹੁਤ ਵਿਰਲੇ ਹਨ ਉਹ ਮਨੁਖ, ਜੋ ਤੈਨੂੰ, ਸਚ ਨੂੰ ਸਚਮੁਚ ਅਰਾਧਦੇ ਹਨ। ੧੪੨੭ ਪੰਨੇ ਤੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਹੀ ਸਚ ਸਪੱਸ਼ਟ ਕੀਤਾ ਹੈ – 'ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ।।'

# ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥

ਫ਼ਿਰ, ਜੋ ਇਕ ਮਨ ਇਕ ਚਿਤ ਹੋ ਕੇ ਤੇਰਾ ਸਿਮਰਣ ਕਰ ਲੈਂਦੇ ਹਨ, ਉਨ੍ਹਾਂ ਦੀ ਕਮਾਈ ਦੀ ਬਰਕਤ ਸਦਕਾ ਹੀ, ਅਸੰਖ, ਕਰੋੜਾਂ ਨੂੰ ਅਹਾਰ ਪ੍ਰਾਪਤ ਹੁੰਦਾ ਹੈ। ਭਾਵ ਇਹ ਕਿ ਜੋ ਹਰ ਜਿਵੇਂ ਖਾ ਰਿਹਾ ਹੈ, ਉਹ ਇਹ ਨਾ ਹੰਕਾਰ ਕਰੀ ਜਾਵੇ ਕਿ ਉਹ ਸਿਰਫ਼ ਆਪਣੀ ਮਿਹਨਤ ਸਦਕਾ ਹੀ ਖਾ ਰਿਹਾ ਹੈ। ਭਾਵ ਇਹ

ਸੰਸਾਰ, ਭਗਤ ਜਨਾਂ ਦੀ ਕਮਾਈ ਦੇ ਆਸਰੇ ਟਿਕਿਆ ਹੋਇਆ ਹੈ।

# ਤੁਧੁਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ ॥

ਅਗੋਂ ਹੋਰ, ਹੇ ਵਾਹਿਗੁਰੂ ! ਸਾਰੀ ਭਗਤਾਂ ਦੀ ਦੁਨੀਆਂ ਤੈਨੂੰ ਧਿਆਉਂਦੀ ਹੈ, ਪਰ ਕਬੂਲ ਉਹ ਹੁੰਦੇ ਹਨ ਜੋ ਤੈਨੂੰ ਚਾਹੀਦੇ ਹਨ, ਜਿਨ੍ਹਾਂ ਨੂੰ ਤੂੰ ਪਸੰਦ ਕਰਦਾ ਹੈ, ਚੁਣ ਕੇ ਵਖ ਕਰ ਲੈਂਦਾ ਹੈਂ।
ਪੰਨਾ ੭੩ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਗੁਰੂ ਨੇ ਸਿਖੀ ਨੂੰ ਸਚ ਧਰਮ ਕਮਾਉਣ ਦੀ ਸਾਲ (ਘਰ) ਕਰਕੇ ਥਾਪਿਆ ਹੈ, ਪਰ ਇਸ ਸਾਲ ਵਿਚ ਪ੍ਰਵੇਸ (entry), ਗੁਰੂ, ਅਤਿਅੰਤ ਭਾਲ ਕੇ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਭਾਵ ਇਹ ਸਿਖੀ ਦੁਰਲੱਭ ਹੈ, ਬਹੁਤ ਉੱਤਮ ਭਾਗਾਂ, ਗੁਰੂ ਦੀ ਬਖਸ਼ਿਸ਼ ਸਦਕਾ ਹੀ ਪ੍ਰਾਪਤ ਹੁੰਦੀ ਹੈ – 'ਮੈ ਬਧੀ ਸਚੁ ਧਰਮ ਸਾਲ ਹੈ।। ਗੁਰ ਸਿਖਾ ਲਹਦਾ ਭਾਲਿ ਕੈ।।' ਕਿਉਂ ਕਿ ਅਸਲ ਸੇਵਕ ਤਾਂ ਕੋਈ ਵਿਰਲਾ ਹੀ ਹੁੰਦਾ ਹੈ, ਬਾਕੀ ਤਾਂ ਲੈਣ-ਦੇਣ ਕਰਣ ਵਾਲੇ ਹੀ ਹੁੰਦੇ ਹਨ ਜਿਵੇਂ ਸ੍ਰੀ ਗੁਰੂ ਅਰਜਨ ਸਾਹਿਬ ੪੯੫ ਪੰਨੇ ਤੇ ਫ਼ੁਰਮਾਣ ਕਰਦੇ ਹਨ – 'ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰ ਸਗਲੇ ਬਿਉਹਾਰੀ।।' ਇਕ ਹੋਰ ਵਡਾ ਕਾਰਣ ਇਹ ਹੈ ਕਿ ਗੁਰੂ ਤਾਂ ਅਗੱਮ ਅਗਾਧ ਪੁਰਖ ਹੁੰਦਾ ਹੈ, ਕੋਈ ਆਮ ਮਨੁਖ, ਜਿਸਦੀ ਜਿੰਨੀ ਮਰਜ਼ੀ ਪਈ ਕਮਾਈ ਹੋਵੇ, ਜਦੋਂ ਤਕ ਉਸ ਤੇ ਵਿਸ਼ੇਸ਼ ਕਿਰਪਾ ਨਹੀਂ ਹੋਈ, ਉਹ ਮਨੁਖ ਗੁਰੂ ਦੀ ਝਾਲ ਝੱਲਣ ਜੋਗਾ ਨਹੀਂ ਹੁੰਦਾ – 'ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।।'–ਵਾਰਾਂ ਭਾਈ ਗੁਰਦਾਸ ੧:੩੧

# ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ ॥

ਇਸ ਤੋਂ ਉਲਟ, ਜੋ ਬਿਨਾਂ ਗੁਰੂ ਦੀ ਅਰਾਧਨਾ ਦੇ, ਜੀਵਨ ਵਿਚ

ਖਾਂਦੇ, ਪਹਿਨਦੇ ਹਨ ਉਹ ਤਾਂ ਜਿਉਂਦੇ ਹੀ ਮੋਇਆਂ ਵਰਗੇ ਹਨ ਤੇ ਮਰਨ ਤੋਂ ਬਾਅਦ ਤਾਂ ਕੋੜ੍ਹੀ ਹੋ ਕੇ ਹੀ ਜੰਮਣਗੇ।
ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੧੪੧੩, ਤੇ ਬਚਨ ਕਰਦੇ ਹਨ ਕਿ ਜਿਨ੍ਹਾਂ ਨੇ ਪਰਮੇਸ਼ਰ ਦਾ ਨਾਮ ਵਿਸਾਰਿਆ ਹੋਇਆ ਹੈ, ਉਹ ਫ਼ਿਟਕਾਰਾਂ ਜੋਗ ਹੀ ਹਨ ਅਤੇ ਬਦੀਆਂ, ਕੋਹੜ ਤੇ ਹੰਕਾਰ ਹੀ ਖਟਦੇ ਰਹਿੰਦੇ ਹਨ – 'ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।। ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।।'

## ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ ॥
## ਮਨਿ ਖੋਟੇ ਦਯਿ ਵਿਛੋੜੇ ॥੧੧॥

ਅਜਿਹੇ ਲੋਕ ਜਗ-ਦਿਖਾਵੇ ਲਈ ਬਾਹਰੋਂ ਮਿਠਾ ਬੋਲਣ ਦਾ ਢੌਂਗ ਕਰਦੇ ਹਨ, ਤਾਂ ਕਿ ਜਗ ਉਨ੍ਹਾਂ ਨੂੰ ਨਿਮਰਤਾ ਵਾਲਾ ਤੇ ਗੁਣਾਂ ਦੇ ਭਰਪੂਰ ਸਮਝੇ। ਪਰ ਉਨ੍ਹਾਂ ਦੇ ਅੰਦਰ ਦੇ ਕੰਮ ਵਿਕਾਰਾਂ ਦੇ ਜ਼ਹਰ ਭਰੇ ਹੀ ਹੁੰਦੇ ਹਨ, ਜੋ ਨਿਸਚਿਤ ਹੀ ਜ਼ਾਹਰ ਹੋ ਹੀ ਜਾਂਦੇ ਹਨ। ਜ਼ਹਰ ਦਾ ਅਸਰ ਕਦੇ ਲੁਕਿਆ ਨਹੀਂ ਰਹਿ ਸਕਦਾ। ਪਾਤਸ਼ਾਹ, ਅਖੀਰ ਤੇ ਫ਼ੁਰਮਾਣ ਕਰਦੇ ਹਨ ਕਿ ਇਹੋ ਜਿਹੀ ਖੋਟੀ ਮੱਤ ਵਾਲੇ, ਜੋ ਵਾਹਿਗੁਰੂ ਦੀ ਅਰਾਧਨਾ ਤੋਂ ਵਿਹੂਣੇ, ਭਖਸ਼ਣ ਕਰਨ ਵਾਲੇ ਅਤੇ ਵਿਖਾਵੇ ਦੀ ਚੰਗਿਆਈ ਰਖਣ ਵਾਲੇ ਨੂੰ ਪ੍ਰਭੂ ਆਪਣੇ ਤੋਂ ਵਿਛੋੜੀ ਰਖਦਾ ਹੈ, ਉਹ ਪ੍ਰਭੂ ਨੂੰ ਨਹੀਂ ਭਾਉਂਦੇ।
ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੬੦੧ ਤੇ ਫ਼ੁਰਮਾਣ ਕਰਦੇ ਹਨ ਕਿ ਜੋ ਇਸ ਤਰ੍ਹਾਂ ਆਪਣੀ ਮਤ ਅਨੁਸਾਰ ਚਲਦਾ ਹੈ, ਉਹ ਸਦਾ ਪ੍ਰਭੂ ਤੋਂ ਵਿਛੜਿਆ ਰਹਿੰਦਾ ਹੈ ਅਤੇ ਥਾਂ ਥਾਂ ਚੋਟਾਂ ਖਾਂਦਾ ਹੈ – 'ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।'
ਇਹ ਸੰਸਾਰ, ਉਨ੍ਹਾਂ, ਵਿਰਲੇ ਥੋੜਿਆਂ ਦੇ ਆਸਰੇ ਹੀ ਚਲਦਾ ਹੈ, ਜੋ ਪ੍ਰਭੂ ਨੂੰ ਭਾਉਂਦੇ ਹਨ ਅਤੇ ਸਦਾ ਉਸ ਸਚ ਨੂੰ ਧਿਆਉਂਦੇ ਹਨ, ਜਿਨ੍ਹਾਂ ਦੇ ਸਦਕਾ ਸਭ ਰਿਜ਼ਕ ਪਾਉਂਦੇ ਹਨ।